25-02-24 ਸਵੇਰੇ ਦੀ ਮੁਰਲੀ ਓਮ ਸ਼ਾਂਤੀ “ਅਵਿਯਕਤ ਬਾਪਰਿਵਾਇਜ਼ ਦਾਦਾ” 30-03-98 ਮਧੂਬਨ

"ਸਰਵ ਪ੍ਰਾਪਤੀਆਂ ਦੀ ਸਮ੍ਰਿਤੀ ਇਮਰਜ ਕਰ ਅਚਲ ਸਥਿਤੀ ਦਾ ਅਨੁਭਵ ਕਰੋ ਅਤੇ ਜੀਵਨ ਮੁਕਤ ਬਣੋ"

ਅੱਜ ਭਾਗਵਿਧਾਤਾ ਬਾਪ ਆਪਣੇ ਵਿਸ਼ਵ ਵਿੱਚ ਸਰਵ ਸ਼੍ਰੇਸ਼ਠ ਭਾਗਵਾਨ ਬੱਚਿਆਂ ਨੂੰ ਦੇਖ ਰਹੇ ਹਨ। ਹਰ ਬੱਚੇ ਦੇ ਭਾਗ ਦੀ ਮਹਿਮਾ ਖੁਦ ਭਗਵਾਨ ਗਾ ਰਹੇ ਹਨ। ਬਾਪ ਦੀ ਮਹਿਮਾ ਤਾਂ ਆਤਮਾਵਾਂ ਗਾਉਦੀਆਂ ਹਨ ਪਰ ਤੁਸੀਂ ਬੱਚਿਆਂ ਦੀ ਮਹਿਮਾ ਖੁਦ ਬਾਪ ਕਰਦੇ ਹਨ। ਇਵੇਂ ਕਦੀ ਸੁਪਨੇ ਵਿੱਚ ਵੀ ਸੋਚਿਆ ਕਿ ਸਾਡਾ ਇਤਨਾ ਸ਼੍ਰੇਸ਼ਠ ਭਾਗ ਬਣਿਆ ਹੋਇਆ ਹੈ ਪਰ ਬਣਿਆ ਹੋਇਆ ਸੀ, ਬਣ ਗਿਆ। ਦੁਨੀਆਂ ਦੇ ਲੋਕ ਕਹਿੰਦੇ ਹਨ ਭਗਵਾਨ ਨੇ ਸਾਨੂੰ ਰਚਿਆ ਪਰ ਨਾ ਭਗਵਾਨ ਦਾ ਪਤਾ ਹੈ, ਨਾ ਰਚਨਾ ਦਾ ਪਤਾ ਹੈ। ਤੁਸੀਂ ਹਰ ਇੱਕ ਭਾਗਵਾਨ ਬੱਚਾ ਅਨੁਭਵ ਅਤੇ ਫਖੁਰ ਨਾਲ ਕਹਿੰਦੇ ਹੋ ਕਿ ਅਸੀਂ ਸ਼ਿਵ ਵੰਸ਼ੀ ਬ੍ਰਹਮਾਕੁਮਾਰ ਬ੍ਰਹਮਾਕੁਮਾਰੀਆਂ ਹਾਂ। ਸਾਨੂੰ ਪਤਾ ਹੈ ਕਿ ਸਾਨੂੰ ਬਾਪਦਾਦਾ ਨੇ ਕਿਵੇਂ ਰਚਿਆ! ਭਾਵੇਂ ਛੋਟਾ ਬੱਚਾ ਹੈ, ਭਾਵੇਂ ਬਜ਼ੁਰਗ ਪਾਂਡਵ ਹਨ, ਸ਼ਕਤੀਆਂ ਹਨ ਕਿਸੇ ਤੋਂ ਵੀ ਪੁੱਛੋਗੇ ਕਿ ਤੁਹਾਡਾ ਬਾਪ ਕੌਣ ਹੈ ਤਾਂ ਕੀ ਕਹਿਣਗੇ? ਫਲਕ ਨਾਲ ਕਹਿਣਗੇ ਨਾ ਕਿ ਸਾਨੂੰ ਸ਼ਿਵ ਬਾਪ ਨੇ ਬ੍ਰਹਮਾ ਬਾਪ ਦਵਾਰਾ ਰਚਿਆ ਹੈ ਇਸਲਈ ਅਸੀਂ ਭਗਵਾਨ ਦੇ ਬੱਚੇ ਹਾਂ। ਭਗਵਾਨ ਨੂੰ ਡਾਇਰੈਕਟ ਮਿਲਦੇ ਹਾਂ, ਨਾ ਸਿਰਫ਼ ਪਰਮ ਆਤਮਾ ਅਤੇ ਭਗਵਾਨ ਸਾਡਾ ਬਾਪ ਹੈ ਪਰ ਉਹ ਬਾਪ ਵੀ ਹੈ, ਸਿੱਖਿਅਕ ਵੀ ਹੈ ਅਤੇ ਸਤਿਗੁਰੂ ਵੀ ਹੈ। ਸਭਨੂੰ ਇਹ ਨਸ਼ਾ ਹੈ? (ਤਾੜੀ ਵਜਾਈ) ਇੱਕ ਹੱਥ ਦੀ ਤਾਲੀ ਵਜਾਉਣਾ - ਹੁਣ ਇਹ ਵੀ ਐਕਸਰਸਾਇਜ ਬਜ਼ੁਰਗਾਂ ਨੂੰ ਸਿਖਾਉਣੀ ਪਵੇਗੀ। ਬੱਚਿਆਂ ਨੂੰ ਖੁਸ਼ ਦੇਖ ਬਾਪਦਾਦਾ ਵੀ ਖੁਸ਼ੀ ਵਿੱਚ ਝੂਲਦੇ ਹਨ ਅਤੇ ਸਦਾ ਕਹਿੰਦੇ ਹਨ - ਵਾਹ ਮੇਰੇ ਹਰ ਇੱਕ ਸ਼੍ਰੇਸ਼ਠ ਭਾਗਵਾਨ ਵਿਸ਼ੇਸ਼ ਆਤਮਾਵੋ...। ਬਾਪ ਦੇ ਰੂਪ ਵਿੱਚ ਪਰਮਾਤਮ ਪਾਲਣਾ ਦਾ ਅਨੁਭਵ ਕਰ ਰਹੇ ਹੋ। ਇਹ ਪਰਮਾਤਮ ਪਾਲਣਾ ਸਾਰੇ ਕਲਪ ਵਿੱਚ ਸਿਰਫ ਇਸ ਬ੍ਰਾਹਮਣ ਜਨਮ ਵਿੱਚ ਤੁਸੀਂ ਬੱਚਿਆਂ ਨੂੰ ਪ੍ਰਾਪਤ ਹੁੰਦੀ ਹੈ, ਜਿਸ ਪਰਮਾਤਮ ਪਾਲਣਾ ਵਿੱਚ ਆਤਮਾ ਨੂੰ ਸਰਵ ਪ੍ਰਾਪਤੀ ਸਵਰੂਪ ਅਨੁਭਵ ਹੁੰਦਾ ਹੈ। ਪਰਮਾਤਮ ਪਿਆਰ ਸਰਵ ਸੰਬੰਧਾਂ ਦਾ ਅਨੁਭਵ ਕਰਾਉਂਦਾ ਹੈ। ਪਰਮਾਤਮ ਪਿਆਰ ਆਪਣੇ ਦੇਹ ਭਾਨ ਨੂੰ ਵੀ ਭੁਲਾ ਦਿੰਦੇ, ਨਾਲ - ਨਾਲ ਅਨੇਕ ਸਵਾਰਥ ਦੇ ਪਿਆਰ ਨੂੰ ਵੀ ਭੁਲਾ ਦਿੰਦਾ ਹੈ। ਇਵੇਂ ਪਰਮਾਤਮ ਪਿਆਰ, ਪਰਮਾਤਮ ਪਾਲਣਾ ਦੇ ਅੰਦਰ ਪਲਣ ਵਾਲੀ ਭਾਗਵਾਨ ਆਤਮਾਵਾਂ ਹੋ। ਕਿੰਨਾ ਤੁਸੀਂ ਆਤਮਾਵਾਂ ਦਾ ਭਾਗ ਹੈ ਜੋ ਖੁਦ ਬਾਪ ਆਪਣੇ ਵਤਨ ਨੂੰ ਛੱਡ ਤੁਹਾਨੂੰ ਗੋਡਲੀ ਸਟੂਡੈਂਟਸ ਨੂੰ ਪੜ੍ਹਾਉਣ ਆਉਂਦੇ ਹਨ। ਅਜਿਹਾ ਕੋਈ ਟੀਚਰ ਵੇਖਿਆ ਜੋ ਸਵੇਰੇ - ਸਵੇਰੇ ਦੂਰਦੇਸ਼ ਤੋਂ ਪੜ੍ਹਾਉਣ ਲਈ ਆਵੇ? ਅਜਿਹਾ ਟੀਚਰ ਕਦੇ ਵੇਖਿਆ? ਲੇਕਿਨ ਤੁਸੀਂ ਬੱਚਿਆਂ ਦੇ ਲਈ ਰੋਜ਼ ਬਾਪ ਸਿੱਖਿਅਕ ਬਣ ਤੁਹਾਡੇ ਕੋਲ ਪੜ੍ਹਾਉਣ ਲਈ ਆਉਂਦੇ ਹਨ ਅਤੇ ਕਿੰਨਾਂ ਸਹਿਜ ਪੜ੍ਹਾਉਂਦੇ ਹਨ। ਦੋ ਅੱਖਰਾਂ ਦੀ ਪੜ੍ਹਾਈ ਹੈ - ਤੁਸੀਂ ਅਤੇ ਬਾਪ, ਇਨ੍ਹਾਂ ਦੋ ਅੱਖਰਾਂ ਵਿਚ ਚਕ੍ਰ ਕਹੋ, ਡਰਾਮਾ ਕਹੋ, ਕਲਪ ਬ੍ਰਿਖ ਕਹੋ ਸਾਰੀ ਨਾਲੇਜ਼ ਸਮਾਈ ਹੋਈ ਹੈ। ਦੂਜੀ ਪੜ੍ਹਾਈ ਵਿਚ ਤੇ ਕਿੰਨਾਂ ਦਿਮਾਗ ਤੇ ਬੋਝ ਪੈਂਦਾ ਹੈ ਅਤੇ ਬਾਪ ਦੀ ਪੜ੍ਹਾਈ ਨਾਲ ਦਿਮਾਗ ਹਲਕਾ ਬਣ ਜਾਂਦਾ ਹੈ। ਹਲਕੇ ਦੀ ਨਿਸ਼ਾਨੀ ਹੈ ਉੱਚਾ ਉੱਡਣਾ। ਹਲਕੀ ਚੀਜ ਆਪੇ ਹੀ ਉੱਚੀ ਹੁੰਦੀ ਹੈ। ਤਾਂ ਇਸ ਪੜ੍ਹਾਈ ਨਾਲ ਮਨ - ਬੁੱਧੀ ਉੱਡਦੀ ਕਲਾ ਦਾ ਅਨੁਭਵ ਕਰਦੀ ਹੈ। ਤਾਂ ਦਿਮਾਗ ਹਲਕਾ ਹੋਇਆ ਨਾ! ਤਿੰਨਾਂ ਲੋਕਾਂ ਦੀ ਨਾਲੇਜ਼ ਮਿਲ ਜਾਂਦੀ ਹੈ। ਤਾਂ ਅਜਿਹੀ ਪੜ੍ਹਾਈ ਸਾਰੇ ਕਲਪ ਵਿੱਚ ਕਿਸੇ ਨੇ ਪੜ੍ਹੀ ਹੈ। ਕੋਈ ਪੜ੍ਹਾਉਣ ਵਾਲਾ ਅਜਿਹਾ ਮਿਲਿਆ। ਤਾਂ ਭਾਗ ਹੈ ਨਾ! ਫਿਰ ਸਤਿਗੁਰੂ ਦਵਾਰਾ ਸ਼੍ਰੀਮਤ ਅਜਿਹੀ ਮਿਲਦੀ ਹੈ ਜੋ ਸਦਾ ਦੇ ਲਈ ਕੀ ਕਰਾਂ, ਕਿਵੇਂ ਚੱਲਾਂ, ਇਵੇਂ ਕਰਾਂ ਜਾਂ ਨਾ ਕਰਾਂ, ਕੀ ਹੋਵੇਗਾ... ਇਹ ਸਭ ਪ੍ਰਸ਼ਨ ਖਤਮ ਹੋ ਜਾਂਦੇ ਹਨ। ਕੀ ਕਰਾਂ, ਕਿਵੇਂ ਚੱਲਾਂ, ਇਵੇਂ ਕਰਾਂ ਜਾਂ ਉਵੇਂ ਕਰਾਂ... ਇਨ੍ਹਾਂ ਸਭ ਪ੍ਰਸ਼ਨਾਂ ਦਾ ਇੱਕ ਅੱਖਰ ਵਿੱਚ ਜਵਾਬ ਹੈ - ਫਾਲੋ ਫਾਦਰ। ਸਾਕਾਰ ਕਰਮ ਵਿੱਚ ਬ੍ਰਹਮਾ ਬਾਪ ਨੂੰ ਫਾਲੋ ਕਰੋ, ਨਿਰਾਕਾਰੀ ਸਥਿਤੀ ਵਿਚ ਅਸ਼ਰੀਰੀ ਬਣਨ ਵਿੱਚ ਸ਼ਿਵ ਬਾਪ ਨੂੰ ਫਾਲੋ ਕਰੋ। ਦੋਵਾਂ ਬਾਪ ਅਤੇ ਦਾਦਾ ਨੂੰ ਫਾਲੋ ਕਰਨਾ ਮਤਲਬ ਕੁਵਸ਼ਚਨ ਮਾਰਕ ਖਤਮ ਹੋਣਾ ਮਤਲਬ ਸ਼੍ਰੀਮਤ ਤੇ ਚਲਣਾ। ਇਹ ਮੁਸ਼ਕਿਲ ਹੈ? ਪੁੱਛਣ ਦੀ ਲੋੜ ਪੈਂਦੀ ਹੈ ਕੀ? ਕਾਪੀ ਕਰਨਾ ਹੈ, ਆਪਣਾ ਦਿਮਾਗ ਨਹੀਂ ਚਲਾਉਣਾ ਹੈ। ਬਾਪ ਸਮਾਨ ਬਣਨਾ ਮਤਲਬ ਫਾਲੋ ਫਾਦਰ ਕਰਨਾ। ਮੁਸ਼ਕਿਲ ਹੈ ਜਾਂ ਸੌਖਾ ਹੈ? ਸੌਖਾ ਹੈ ਨਾ? 30 ਵਰ੍ਹੇ ਵਾਲੇ ਹੱਥ ਉਠਾਓ, ਅੱਛਾ 30 ਵਰ੍ਹੇ ਵਿੱਚ ਮੁਸ਼ਕਿਲ ਲੱਗਿਆ ਜਾਂ ਸੌਖਾ ਹੈ? ਹੁਣ ਵੇਖੋ 30 ਵਰ੍ਹੇ ਵਾਲਿਆਂ ਨੂੰ ਵੀ ਸੌਖਾ ਲੱਗਿਆ ਤਾਂ ਤੁਸੀਂ ਜੋ ਪਿੱਛੇ - ਪਿੱਛੇ ਆਏ ਉਨ੍ਹਾਂ ਲਈ ਮੁਸ਼ਕਿਲ ਹੈ ਜਾਂ ਸਹਿਜ ਹੈ ਸਹਿਜ ਹੈ ਨਾ ( ਗਰਮੀ ਦੇ ਕਾਰਣ ਸਭ ਦੇ ਹੱਥ ਵਿਚ ਰੰਗ - ਬਿਰੰਗੇ ਪੱਖੇ ਹਨ ਜੋ ਹਿਲਾ ਰਹੇ ਹਨ ) ਚੰਗਾ ਹਰ, ਪੱਖਿਆਂ ਦੀ ਰਿਮਝਿਮ ਵੀ ਚੰਗੀ ਲੱਗ ਰਹੀ ਹੈ। ਸੀਨ ਚੰਗਾ ਹੈ। ਨਵੀਨਤਾ ਹੋਣੀ ਚਾਹੀਦੀ ਹੈ ਨਾ। ਤਾਂ ਇਸ ਗਰੁੱਪ ਦੀ ਇਹ ਵੀ ਨਵੀਨਤਾ ਹੈ, ਇਹ ਵੀ ਟੀ. ਵੀ. ਵਿਚ ਆ ਗਿਆ। ਚੰਗਾ ਹੈ ਸਾਰੇ ਭੱਜ - ਭੱਜ ਕੇ ਪੁੱਜ ਗਏ ਹਨ, ਬਾਪਦਾਦਾ ਵੀ ਸਨੇਹ ਦੀ ਮੁਬਾਰਕ ਦਿੰਦੇ ਹਨ। ਵੇਖੋ, ਹੋਰ ਜੋ ਵੀ ਹੱਦ ਦੇ ਗੁਰੂ ਹੁੰਦੇ ਹਨ ਕਿੰਨੇ ਵਰਦਾਨ ਦਿੰਦੇ ਹਨ, ਇੱਕ ਜਾਂ ਦਸ, ਜਿਆਦਾ ਨਹੀਂ ਦਿੰਦੇ ਹਨ। ਲੇਕਿਨ ਤੁਹਾਨੂੰ ਸਤਿਗੁਰੂ ਦਵਾਰਾ ਰੋਜ਼ ਵਰਦਾਨ ਮਿਲਦਾ ਹੈ। ਅਜਿਹਾ ਗੁਰੂ ਕਦੇ ਵੇਖਿਆ? ਨਹੀਂ ਵੇਖਿਆ ਨਾ! ਤੁਸੀਂ ਲੋਕਾਂ ਨੇ ਹੀ ਵੇਖਿਆ ਲੇਕਿਨ ਕਲਪ - ਕਲਪ ਵੇਖਿਆ। ਤਾਂ ਸਦਾ ਆਪਣੇ ਭਾਗ ਦੀਆਂ ਪ੍ਰਾਪਤੀਆਂ ਨੂੰ ਸਾਮ੍ਹਣੇ ਰੱਖੋ। ਸਿਰਫ ਬੁੱਧੀ ਵਿੱਚ ਮਰਜ਼ ਨਹੀਂ ਰੱਖੋ, ਇਮਰਜ਼ ਕਰੋ। ਮਰਜ਼ ਰੱਖਣ ਦੇ ਸੰਸਕਾਰ ਨੂੰ ਬਦਲ ਕੇ ਇਮ੍ਰਜ਼ ਕਰੋ। ਆਪਣੀਆਂ ਪ੍ਰਾਪਤੀਆਂ ਦੀ ਲਿਸਟ ਸਦਾ ਬੁੱਧੀ ਵਿੱਚ ਇਮ੍ਰਜ਼ ਰੱਖੋ। ਜਦੋਂ ਪ੍ਰਾਪਤੀਆਂ ਦੀ ਲਿਸਟ ਇਮ੍ਰਜ਼ ਹੋਵੇਗੀ ਤਾਂ ਕਿਸੇ ਵੀ ਤਰ੍ਹਾਂ ਦਾ ਵਿਘਨ ਵਾਰ ਨਹੀਂ ਕਰੇਗਾ। ਉਹ ਮਰਜ ਹੋ ਜਾਵੇਗਾ ਅਤੇ ਪ੍ਰਾਪਤੀਆਂ ਇਮ੍ਰਜ਼ ਰੂਪ ਵਿਚ ਰਹਿਣਗੀਆਂ।

ਬਾਪਦਾਦਾ ਜਦੋਂ ਸੁਣਦੇ ਹਨ ਕਿ ਅੱਜ ਕਿਸੇ ਵੀ ਕਾਰਣ ਤੋਂ ਕੋਈ - ਕੋਈ ਮਿਹਨਤ ਕਰਦੇ ਹਨ, ਯੁੱਧ ਕਰਦੇ ਹਨ, ਯੋਗ ਲਗਾਉਣਾ ਚਾਹੁੰਦੇ ਪਰ ਲੱਗਦਾ ਨਹੀਂ ਹੈ, ਸੋਲ ਕਨਸ਼ੀਅਸ ਦੇ ਬਦਲੇ ਬਾਡੀ ਕਾਨਸੇਸ ਵਿੱਚ ਆ ਜਾਂਦੇ ਹਨ ਤਾਂ ਬਾਪਦਾਦਾ ਨੂੰ ਚੰਗਾ ਨਹੀਂ ਲਗਦਾ ਹੈ। ਕਰਨ ਕੀ? ਆਪਣੇ ਭਾਗ ਦੀ ਪ੍ਰਾਪਤੀਆਂ ਇਮਰਜ ਨਹੀਂ ਰਹਿੰਦੀ, ਮਰਜ ਰਹਿੰਦੀ ਹੈ। ਫਿਰ ਜਦੋਂ ਕੋਈ ਯਾਦ ਦਿਵਾਉਂਦਾ ਹੈ ਤਾਂ ਸੋਚਨ ਲਗਦੇ ਹਨ ਤਾਂ ਹੋਣਾ ਤਾਂ ਇਵੇਂ ਚਾਹੀਦਾ ਹੈ...! ਇਸਲਈ ਬਹੁਤ ਸਹਿਜ ਪੁਰਸ਼ਾਰਥ ਹੈ -ਪ੍ਰਾਪਤੀਆਂ ਨੂੰ ਇਮਰਜ ਰੱਖੋ। ਜਦੋਂ ਤੱਕ ਬ੍ਰਾਹਮਣ ਬਣਨ ਉਦੋ ਤੋਂ ਆਪਣੇ ਭਾਗ ਨੂੰ ਸਮ੍ਰਿਤੀ ਵਿੱਚ ਰੱਖੋ। ਹਲਚਲ ਵਿੱਚ ਨਹੀਂ ਆਓ, ਅਚਲ ਬਣੋ ਕਿਉਂਕਿ ਇੱਥੇ ਆਬੂ ਵਿੱਚ ਯਾਦਗਾਰ ਕੀ ਹੈ? ਅਚਲਘਰ ਹੈ ਜਾਂ ਹਲਚਲ ਘਰ ਹੈ? ਅਚਲਘਰ ਹੈ ਨਾ? ਇਹ ਕਿਸ ਦਾ ਯਾਦਗਰ ਹੈ? ਤੁਹਾਡਾ ਯਾਦਗਰ ਹੈ ਨਾ? ਤਾਂ ਜਦੋਂ ਵੀ ਕੋਈ ਸੂਕ੍ਸ਼ਮ ਪੁਰਸ਼ਾਰਥ ਦਾ ਮਾਰਗ ਮੁਸ਼ਕਿਲ ਲੱਗੇ, ਬੁੱਧੀ ਜ਼ਿਆਦਾ ਹਲਚਲ ਵਿੱਚ ਹੋਵੇ, ਤਾਂ ਆਪਣੇ ਯਾਦਗਾਰ ਨੂੰ ਸਮ੍ਰਿਤੀ ਵਿੱਚ ਲਿਆਓ। ਕਈ ਵਾਰ ਬੱਚੇ ਗਿਆਨ ਦੀ ਪੁਆਇੰਟਸ ਬੋਲਦੇ ਵੀ ਹਨ ਕਿ ਮੈਂ ਆਤਮਾ ਹਾਂ, ਡਰਾਮਾ ਹੈ, ਉਹ ਤਾਂ ਵਿਘਣ ਹੈ, ਇਹ ਤਾਂ ਸਾਈਡਸੀਨ ਹੈ, ਬੋਲਦੇ ਵੀ ਰਹਿੰਦੇ ਪਰ ਹਿਲਦੇ ਵੀ ਰਹਿੰਦੇ। ਹਿਲਦੇ - ਹਿਲਦੇ ਬੋਲਦੇ ਰਹਿੰਦੇ। ਜਦੋਂ ਅਜਿਹੀ ਬੁੱਧੀ ਬਣ ਜਾਵੇ ਤਾਂ ਅਚਲ ਨਹੀਂ ਹੋ ਸਕੇ ਤਾਂ ਮਧੂਬਨ ਦਾ ਅਚਲਘਰ ਯਾਦ ਰੱਖੋ। ਇਹ ਤਾਂ ਸਥੂਲ ਚੀਜ਼ ਹੈ ਨਾ! ਸੂਕ੍ਸ਼ਮ ਤਾਂ ਨਹੀਂ ਹਨ। ਅੱਖਾਂ ਨਾਲ ਦੇਖਣ ਦੀ ਚੀਜ ਹੈ, ਮੇਰਾ ਯਾਦਗਾਰ ਅਚਲਘਰ ਹੈ, ਹਲਚਲ ਘਰ ਨਹੀਂ ਹੈ ਕਿਉਂਕਿ ਬਾਪਦਾਦਾ ਇਸ ਵਰ੍ਹੇ ਨੂੰ ਸਰਵ ਬੱਚਿਆਂ ਦੇ ਪ੍ਰਤੀਮੁਕਤੀ ਵਰ੍ਹੇ ਮਨਾਉਣਾ ਚਾਹੁੰਦੇ ਹਨ। ਇਵੇਂ ਨਹੀਂ ਹੋਵੀ ਹੱਥ ਉਠਾਵੇਂ ਤਾਂ ਕਿਸੇ ਦਾ ਉੱਠੇ, ਕਿਸੇ ਦਾ ਨਾ ਉੱਠੇ, ਨਹੀਂ। ਸਭ ਖੁਸ਼ੀ - ਖੁਸ਼ੀ ਨਾਲ ਹੱਥ ਦੀ ਤਾਲੀ ਵਜਾਵੇਂ,(ਸਭ ਵਜਾਉਣ ਲੱਗੇ) ਚਲੋ ਹੁਣ ਵਜਾ ਦਿੱਤੀ ਤਾਂ ਠੀਕ ਹੈ, ਪਰ ਇਵੇਂ ਹੀ ਬਾਪਦਾਦਾ ਇਸ ਵਰ੍ਹੇ ਦੇ ਸਮਾਪਤੀ ਵਿੱਚ ਇੰਨੀ ਜ਼ੋਰ ਨਾਲ ਤਾਲੀ ਵਜਾਉਂਦੇ ਦੇਖਣ। ਹੁਣ ਤਾਂ ਵਜਾਈ ਚੰਗਾ ਹੈ ਪਰ ਉਦੋ ਵੀ ਵਜਾਉਣਾ। ਵਜਾਉਗੇ? ਦੇਖੋ ਹੱਥ ਦੀ ਤਾਲੀ ਵਜਾਕੇ ਤਾਂ ਖੁਸ਼ ਕਰ ਦਿੱਤਾ ਪਰ ਬਾਪਦਾਦਾ ਨਵੇਂ ਵਰ੍ਹੇ ਵਿੱਚ ਜੋ ਆਪਣਾ 18 ਜਨਵਰੀ ਵਿਸ਼ੇਸ਼ ਬ੍ਰਹਮਾ ਬਾਪ ਦਾ ਸ਼ਰੀਰ ਤੋਂ ਮੁਕਤ ਹੋਣ ਦਾ ਦਿਨ ਹੈ, ਤਾਂ 18 ਜਨਵਰੀ ਵਿੱਚ ਬਾਪਦਾਦਾ ਫਿਰ ਹੱਥ ਉਠਵਾਉਣਗੇ ਕਿ ਮੁਕਤੀ ਵਰ੍ਹਾ ਮਨਾਇਆ ਜਾਂ ਸਿਰਫ ਸੋਚਿਆ, ਮਨਾਉਣਾ ਹੈ, ਮਨਾਉਣਾ ਹੈ - ਸੋਚਦੇ ਤਾਂ ਨਹੀਂ ਰਹਿ ਗਏ, ਸਵਰੂਪ ਵਿੱਚ ਲਿਆਉਂਦਾ ਕਿ ਸੋਚਦੇ - ਸੋਚਦੇ ਲਾਸ੍ਟ ਵਿੱਚ ਵੀ ਸੋਚਦੇ ਰਹੋਗੇ! ਇਹ ਰਿਜਲਟ ਬਾਪਦਾਦਾ ਦੇਖਣਾ ਚਾਹੁੰਦੇ ਹਨ। ਦਿਖਾਓਗੇ? ਅੱਛਾ ਯਾਦ ਰਹੇਗਾ ਨਾ! ਪ੍ਰਾਪਤੀਆਂ ਨੂੰ ਸਾਮ੍ਹਣੇ ਰੱਖੋ। ਬਾਪ ਦੀ ਯਾਦ ਦੇ ਨਾਲ, ਬਾਪ ਨੇ ਜੋ ਦਿੱਤਾ ਉਹ ਵੀ ਇਮਰਜ ਕਰੋ - ਕੀ ਬਣਾਇਆ ਅਤੇ ਕੀ ਮਿਲਿਆ!

ਬਾਪਦਾਦਾ ਇਸ ਵਰ੍ਹੇ ਦੇ ਬਾਦ ਹਰ ਬੱਚੇ ਨੂੰ ਜੀਵਨ -ਮੁਕਤੀ ਸਥਿਤੀ ਵਿੱਚ ਦੇਖਣਗੇ। ਭਵਿੱਖ ਵਿੱਚ ਜੀਵਨਮੁਕਤ ਹੋਣਗੇ ਪਰ ਸੰਸਕਾਰ ਜੀਵਨਮੁਕਤ ਦੇ ਹੁਣ ਤੋਂ ਹੀ ਇਮਰਜ ਕਰਨੇ ਹਨ। ਅਤੇ ਨਿਰੰਤਰ ਕਰਮਯੋਗੀ, ਨਿਰੰਤਰ ਸਹਿਜ ਯੋਗੀ, ਨਿਰੰਤਰ ਮੁਕਤ ਆਤਮਾ ਦੇ ਸੰਸਕਾਰ ਹੁਣ ਤੋਂ ਅਨੁਭਵ ਵਿੱਚ ਲਿਆਓ, ਕਿਉਂ? ਬਾਪਦਾਦਾ ਨੇ ਪਹਿਲੇ ਵੀ ਇਸ਼ਾਰਾ ਦਿੱਤਾ ਹੈ ਕਿ ਸਮੇਂ ਦਾ ਪਰਿਵਰਤਨ ਤੁਸੀਂ ਵਿਸ਼ਵ ਪਰਿਵਰਤਕ ਆਤਮਾਵਾਂ ਦੇ ਲਈ ਇੰਤਜਾਰ ਕਰ ਰਿਹਾ ਹੈ। ਪ੍ਰਕ੍ਰਿਤੀ ਤੁਸੀਂ ਪ੍ਰਕ੍ਰਿਤੀਪਤੀ ਆਤਮਾਵਾਂ ਦਾ ਵਿਜੇ ਦਾ ਹਾਰ ਲੈਕੇ ਅਵਾਹਨ ਕਰ ਰਹੀ ਹੈ। ਸਮੇਂ ਵਿਜੇ ਦਾ ਘੰਟਾ ਵਜਾਉਣ ਦੇ ਲਈ ਤੁਸੀਂ ਭਵਿੱਖ ਰਾਜ ਅਧਿਕਾਰੀ ਆਤਮਾਵਾਂ ਨੂੰ ਦੇਖ ਰਹੇ ਹਨ ਕਿ ਕਦੋਂ ਘੰਟਾ ਵਜਾਉਣ, ਭਗਤ ਆਤਮਾਵਾਂ ਉਹ ਦਿਨ ਸਦਾ ਯਾਦ ਕਰ ਰਹੀਆਂ ਹਨ ਕਿ ਕਦੋਂ ਸਾਡੇ ਪੂਜਯ ਦੇਵ ਆਤਮਾਵਾਂ ਸਾਡੇ ਉੱਪਰ ਪ੍ਰਸੰਨ ਹੋ ਸਾਨੂੰ ਮੁਕਤੀ ਦਾ ਵਰਦਾਨ ਦੇਣ! ਦੁਖੀ ਆਤਮਾਵਾਂ ਪੁਕਾਰ ਰਹੀਆਂ ਹਨ ਕਦੋਂ ਦੁੱਖ ਹਰਤਾ ਸੁਖ ਕਰਤਾ ਆਤਮਾਵਾਂ ਪ੍ਰਤੱਖ ਹੋਣਗੀਆਂ! ਇਸਲਈ ਇਹ ਸਭ ਤੁਹਾਡੇ ਲਈ ਇੰਤਜਾਰ ਅਤੇ ਆਵਾਹਨ ਕਰ ਰਹੇ ਹਨ ਇਸਲਈ ਹੇ ਰਹਿਮਦਿਲ, ਵਿਸ਼ਵ ਕਲਿਆਣਕਾਰੀ ਆਤਮਾਵਾਂ ਹੁਣ ਇਹਨਾਂ ਦਾ ਇੰਤਜਾਰ ਨੂੰ ਸਮਾਪਤ ਕਰੋ। ਤੁਹਾਡੇ ਲਈ ਸਭ ਰੁਕੇ ਹਨ। ਤੁਸੀਂ ਸਭ ਮੁਕਤ ਹੋ ਜਾਓ ਤਾਂ ਸਰਵ ਆਤਮਾਵਾਂ, ਪ੍ਰਕ੍ਰਿਤੀ, ਭਗਤ ਮੁਕਤ ਹੋ ਜਾਏ। ਤਾਂ ਮੁਕਤ ਬਣੋ, ਮੁਕਤੀ ਦਾ ਦਾਨ ਦੇਣ ਵਾਲੇ ਮਾਸਟਰ ਦਾਤਾ ਬਣੋ। ਹੁਣ ਵਿਸ਼ਵ ਪਰਿਵਰਤਨ ਦੀ ਜਿੰਮੇਵਾਰੀ ਦੇ ਤਾਜਧਾਰੀ ਆਤਮਾਵਾਂ ਬਣੋ। ਜਿੰਮੇਵਾਰੀ ਹੈ ਨਾ! ਬਾਪ ਦੇ ਨਾਲ ਮਦਦਗਾਰ ਹੋ। ਕੀ ਤੁਹਾਨੂੰ ਰਹਿਮ ਨਹੀਂ ਆਉਂਦਾ, ਦਿਲ ਵਿੱਚ ਦੁੱਖ ਦੇ ਵਿਲਾਪ ਮਹਿਸੂਸ ਨਹੀਂ ਹੁੰਦੇ। ਹੇ ਵਿਸ਼ਵ ਪਰਿਵਰਤਕ ਆਤਮਾਵਾਂ ਹੁਣ ਆਪਣੀ ਜਿੰਮੇਵਾਰੀ ਦੀ ਤਾਜਪੋਸ਼ੀ ਮਨਾਓ।

ਬਾਪਦਾਦਾ ਨੇ ਪਹਿਲੇ ਵੀ ਕਿਹਾ 100 ਹਿਮਾਲਾ ਜਿੰਨੇ ਵੱਡੇ ਤੇ ਵੱਡੇ ਵਿਘਣ ਵੀ ਆ ਜਾਣ ਤਾਂ ਵੀ ਹਟਣਗੇ ਨਹੀਂ, ਹਾਰ ਨਹੀਂ ਖਾਣਗੇ, ਤਾਜਪੋਸ਼ੀ ਮੁਕਤੀ ਵਰ੍ਹੇ ਜਰੂਰ ਮਨਾਉਣਗੇ। ਬਾਪਦਾਦਾ ਰੋਜ਼ ਚਾਰਟ ਦੇਖਣਗੇ। ਇਵੇਂ ਨਹੀਂ ਇੱਥੇ ਤੋਂ ਜਾਓ ਤਾਂ ਟ੍ਰੇਨ ਵਿੱਚ ਹੀ ਕਹੋ ਪਤਾ ਨਹੀਂ ਕੀ ਹੋ ਗਿਆ, ਇਹ ਹੋ ਗਿਆ, ਘਰ ਵਿੱਚ ਗਏ ਤਾਂ ਬਗੁਲੇ ਅਤੇ ਹੰਸ ਦੀ ਲੜਾਈ ਲੱਗ ਗਈ, ਇਵੇਂ ਨਹੀਂ ਕਹਿਣਾ ਕੀ ਇਹ ਹੋ ਗਿਆ, ਇਹ ਹੋ ਗਿਆ...। ਇਹ ਨਹੀਂ ਸੁਣਨਗੇ। ਤੁਹਾਡੇ ਪੱਤਰ ਵੇਸਟ ਪੇਪਰ ਬਾਕਸ ਵਿੱਚ ਪਾਉਣਗੇ, ਸੁਣਨਗੇ ਨਹੀਂ। ਦ੍ਰਿੜ੍ਹ ਸੰਕਲਪ ਕਰੋ - ਹੋਣਾ ਹੀ ਹੈ। ਜਿੱਥੇ ਦ੍ਰਿੜ੍ਹਤਾ ਹੈ ਉੱਥੇ ਸਫ਼ਲਤਾ ਨਹੀਂ ਹੋ, ਅਸੰਭਵ ਹੈ। ਤਾਂ ਸਭ ਦ੍ਰਿੜ੍ਹ ਸੰਕਲਪ ਵਾਲੇ ਹਨ ਨਾ। ਟੀਚਰਸ ਹੱਥ ਉਠਾਓ, ਟੀਚਰਸ ਬਹੁਤ ਹਨ। ਸਾਰੇ ਸੈਂਟਰਸ ਖਾਲੀ ਕਰਕੇ ਆਏ ਹੋ ਕੀ?

ਦੇਖੋ ਇੱਕ ਖੁਸ਼ਖਬਰੀ ਸੁਣਾਉਂਦੇ ਹਾਂ - ਬਾਪਦਾਦਾ ਦੇ ਦੇਖਿਆ, ਹੁਣੇ ਦੇਖਿਆ ਹੈ, ਸੁਣਿਆ ਹੈ ਕਿ ਸਰਵ ਮਧੂਬਨ ਵਾਲਿਆਂ ਨੇ ਆਪਣੇ ਪਰਿਵਰਤਨ ਦਾ ਲਕਸ਼ ਬਹੁਤ ਵਧੀਆ ਰੱਖਿਆ ਹੈ, ਲਕਸ਼ਣ ਤਾਂ ਦੇਖਣਗੇ ਪਰ ਲਕਸ਼ ਬਹੁਤ ਚੰਗਾ ਰੱਖਿਆ ਹੈ, ਆਪਣੇ ਵਿੱਚ ਅੰਤਰ ਜੋ ਆਇਆ ਹੈ ਉਹ ਵੀ ਲਿਖਿਆ ਹੈ ਪਰ ਬਾਪਦਾਦਾ ਨੂੰ ਖੁਸ਼ੀ ਹੈ ਅੰਤਰ ਆਉਣਾ ਸ਼ੁਰੂ ਹੋਇਆ, ਅੱਗੇ ਹੁੰਦਾ ਰਹੇਗਾ। ਪਰ ਸਭ ਨੇ ਆਪਣੇ ਦ੍ਰਿੜ੍ਹ ਸੰਕਲਪ ਦਾ ਉਮੰਗ - ਉਤਸ਼ਾਹ ਚੰਗਾ ਦਿਖਾਇਆ ਹੈ। ਹੁਣ ਕਾਗਜ਼ ਵਿੱਚ ਹੈ ਪਰ ਕਾਗਜ ਵਿੱਚ ਵੀ ਪਹਿਲਾ ਕਦਮ

ਤਾਂ ਹੈ। ਤਾਂ ਬਾਪਦਾਦਾ ਨੂੰ ਖੁਸ਼ੀ ਹੋਈ ਕਿਉਂ? ਸਾਰੇ ਵਰਲਡ ਦੇ ਲਈ ਹੇ ਅਰਜੁਨ ਮਧੂਬਨ ਨਿਵਾਸੀ ਹਨ। ਨਿਮਿਤ ਮਧੂਬਨ ਨਿਵਾਸੀ ਹਨ, ਸੈਕਿੰਡ ਨੰਬਰ ਦੇਸ਼ - ਵਿਦੇਸ਼ ਦੀ ਨਿਮਿਤ ਸੇਵਾਦਾਰੀ ਟੀਚਰਜ਼ ਅਤੇ ਸਰਵ ਸਹਿਯੋਗੀ ਸਾਥੀ ਸਾਰਾ ਪਰਿਵਾਰ ਬ੍ਰਾਹਮਣ ਆਤਮਾਵਾਂ ਹਨ। ਤਾਂ ਮਧੂਬਨ ਦਾ ਨਕਸ਼ਾ ਬਾਪਦਾਦਾ ਦੇਖਣਗੇ ਕਿ ਬਿਲਕੁਲ ਬਦਲਾ ਹੋਇਆ ਦਿਖਾਈ ਦਵੇ। ਮਧੂਬਣ ਵਾਲੇ ਤਾਂ ਘੱਟ ਆਏ ਹੋਣਗੇ। ਕਈਆਂ ਨੇ ਤਾਂ ਲਿਖਿਆ ਹੀ ਨਹੀਂ ਹੈ। ਅੱਗੇ ਬੈਠਣ ਵਾਲਿਆਂ ਨੇ ਘਟ ਲਿਖਿਆ ਹੈ, ਬਹੁਤ ਬਿਜ਼ੀ ਰਹੇ ਹਨ। ਪਰ ਜਦੋਂ ਕੰਮ ਮਿਲਦਾ ਹੈ ਤਾਂ ਲਿਖਣ ਵਿੱਚ ਵੀ ਮਾਰਕਸ ਜਮਾਂ ਹੁੰਦੀ ਹੈ। ਜੇਕਰ ਨਹੀਂ ਲਿਖਿਆ ਤਾਂ ਮਾਰਕਸ ਐਕਸਟਰਾ ਘੱਟ ਹੋ ਗਈ, ਨੁਕਸਾਨ ਕਰ ਦਿੱਤਾ। ਜੋ ਵੀ ਡਾਇਰੈਕਸ਼ਨ ਮਿਲਦੇ ਹਨ, ਡਾਇਰੈਕਟ ਬਾਪ ਦਵਾਰਾ ਮਿਲਦੇ ਹਨ, ਭਾਵੇਂ ਨਿਮਿਤ ਆਤਮਾਵਾਂ ਦਾਦੀਆਂ ਦਵਾਰਾ ਮਿਲਦੇ ਹਨ, ਉਨ੍ਹਾਂ ਨੂੰ ਰਿਗਾਰ੍ਡ ਦੇਣਾ ਅਤਿ ਜਰੂਰੀ ਹੈ। ਇਸ ਵਿੱਚ ਨਾ ਬਹਾਨਾ ਦੇਣਾ, ਨਾ ਅਲਬੇਲਾਪਨ ਕਰਨਾ। ਅੱਗੇ ਦੇ ਲਈ ਬਾਪਦਾਦਾ ਦੱਸ ਦਿੰਦੇ ਹਨ ਕਿ ਮਾਰਕਸ ਜਮਾ ਨਹੀਂ ਹੋਈ ਇਸਲਈ ਇਸਨੂੰ ਮਹੱਤਵ ਦੇਣਾ ਮਤਲਬ ਮਹਾਨ ਬਣਨਾ। ਹਲਕੀ ਗੱਲ ਨਹੀਂ ਕਰੋ। ਬੱਚੇ ਬੜੇ ਚਤੁਰ ਹਨ, ਕਹਿਣਗੇ ਬਾਪਦਾਦਾ ਤਾਂ ਜਾਣਦੇ ਹੀ ਹਨ ਨਾ। ਜਾਣਦੇ ਤਾਂ ਹੈ ਪਰ ਕਿਹਾ ਕਿਉਂ? ਜਾਣਦੇ ਹੋਏ ਕਿਹਾ ਨਾ! ਤਾਂ ਇਵੇਂ ਛੁਡਾਉਣਾ ਨਹੀਂ ਚਾਹੀਦਾ, ਬਹੁਤ ਇਵੇਂ ਦੇ ਕੰਮ ਹਨ, ਛੋਟੇ - ਛੋਟੇ ਜਿਸਨੂੰ ਹਾਂ ਜੀ ਕਰਨ ਵਿੱਚ ਐਕਸਟਰਾ ਮਾਰਕਸ ਜਮਾ ਹੁੰਦੀ ਹੈ। ਕਈ ਅਜਿਹੇ ਸਟੂਡੈਂਟਸ ਹਨ ਜੋ ਕਿਸੇ ਵੀ ਪਾਸਟ ਦੇ ਸੰਸਕਾਰ ਦੇ ਵਸ਼ ਬਹੁਤ ਚੰਗੇ ਉਮੰਗ - ਉਤਸ਼ਾਹ ਵਿੱਚ ਵੱਧਦੇ ਹਨ ਪਰ ਕੋਈ ਨਾ ਕੋਈ ਸੁਨਹਿਰੀ ਧਾਗਾ, ਬਹੁਤ ਮਹੀਨ ਧਾਗਾ, ਉਹਨਾਂ ਨੂੰ ਅੱਗੇ ਵੱਧਣ ਨਹੀਂ ਦਿੰਦਾ। ਉਹ ਸਮਝਦੇ ਵੀ ਹਨ ਕਿ ਇਹ ਮਹੀਨ ਧਾਗਾ ਰਿਹਾ ਹੋਇਆ ਹੈ, ਪਰ... ਪਰ ਹੀ ਕਹਿਣਗੇ। ਪਰ ਅਜਿਹੇ ਵੀ ਪੁਰਸ਼ਾਰਥੀ ਹਨ ਜੋ ਛੋਟੀ - ਛੋਟੀ ਕਾਮਨ ਗੱਲਾਂ ਵਿੱਚ ਹਾਂ ਜੀ ਕਰਨ ਨਾਲ ਮਾਰਕਸ ਲੈ ਲੈਂਦੇ ਹਨ। ਹੋਰ ਹੋ ਸਕਦਾ ਹੈ ਕਿ ਉਹ ਥੋੜੀ -ਥੋੜੀ ਮਾਰਕਸ ਇਕੱਠੀ ਹੁੰਦੇ ਹੋਏ ਉਹ ਅੱਗੇ ਵੀ ਨਿਕਲ ਸਕਦੇ ਹਨ, ਇਵੇਂ ਵੀ ਬਾਪਦਾਦਾ ਦੇ ਕੋਲ ਐਗਜੈਂਪੋਲ ਦੇ ਰੂਪ ਵਿੱਚ ਹਨ ਇਸਲਈ ਸਹਿਜ ਤਰੀਕਾ ਹੈ ਛੋਟੀ - ਛੋਟੀ ਹਾਂ ਜੀ ਕਰਨ ਵਿੱਚ ਮਾਰਕਸ ਜਮਾਂ ਕਰਦੇ ਜਾਓ। ਕ੍ਰ ਨਹੀਂ ਕਰੋ ਜਮਾ ਕਰੋ। ਬਾਕੀ ਬਾਪਦਾਦਾ ਨੇ ਵੇਖਿਆ ਮਜੋਰਿਟੀ ਨੇ ਆਪਣਾ ਉਮੰਗ - ਉਤਸ਼ਾਹ ਚੰਗਾ ਦਿਖਾਇਆ ਹੈ ਇਸਲਈ ਦ੍ਰਿੜ੍ਹ ਸੰਕਲਪ ਦੇ ਲਈ ਵਿਸ਼ੇਸ਼ ਉਹਨਾਂ ਮਧੂਬਨ ਨਿਵਾਸੀ ਬੱਚਿਆਂ ਨੂੰ ਬਾਪਦਾਦਾ ਹਾਂ ਜੀ ਕਰਨ ਦੀ ਮੁਬਾਰਕ ਦਿੰਦੇ ਹਨ। ਯਾਦਪਿਆਰ ਵੀ ਦੇ ਰਹੇ ਹਨ। ਲੱਖ - ਲਖ ਗੁਣਾਂ ਯਾਦਪਿਆਰ ਦੇ ਰਹੇ ਹਨ। ਕਿਉਂ? ਮਧੂਬਨ ਹੈ ਬਾਪਦਾਦਾ ਦੇ ਸਵਰੂਪ ਨੂੰ ਪ੍ਰਤੱਖ ਕਰਨ ਦਾ ਸ਼ੀਸ਼ ਮਹਿਲ। ਤਾਂ ਇੱਕ ਗੱਲ ਦੀ ਤਾਂ ਖੁਸ਼ੀ ਹੈ, ਹੁਣ ਕਾਗਜ਼ ਵਿੱਚ ਆਇਆ ਹੋਇਆ ਹੈ, ਕਰਮ ਵਿੱਚ ਲਿਆਉਣਾ ਹੀ ਹੈ। ਠੀਕ ਹੈ ਨਾ! ਚੰਗਾ। ਮੁਬਾਰਕ ਹੋਵੇ।

ਹੁਣ ਜੇਕਰ ਤੁਸੀ ਸਭ ਨੂੰ ਅਚਾਨਕ ਡਾਇਰੈਕਸ਼ਨ ਮਿਲੇ ਕਿ ਹੁਣੇ - ਹੁਣੇ ਅਸ਼ਰੀਰੀ ਬਣ ਜਾਵੋ ਤਾਂ ਬਣ ਸਕਦੇ ਹੋ ਕਿ ਹਲਚਲ ਹੋਵੇਗੀ? ਕਿਉਂ? ਲਾਸਟ ਸਮੇਂ ਦਾ ਇਹ ਹੀ ਅਭਿਆਸ ਪਾਸ ਵਿਦ ਆਨਰ ਬਣਾਏਗਾ। ਤਾਂ ਹੁਣ ਬਾਪਦਾਦਾ ਵੀ ਕਹਿੰਦੇ ਹਨ ਇੱਕ ਸੈਕਿੰਡ ਵਿੱਚ ਸਭ ਗੱਲਾਂ ਨੂੰ ਕਿਨਾਰੇ ਕਰ ਅਸ਼ਰੀਰੀ ਭਵ। (ਡ੍ਰਿਲ) ਅੱਛਾ।

ਚਾਰੋਂ ਪਾਸੇ ਦੇ ਅਤਿ ਸ਼੍ਰੇਸ਼ਠ ਭਾਗਵਾਨ, ਪਰਮਾਤਮ ਪਾਲਣਾ ਦੇ ਅਧਿਕਾਰੀ ਅਤਮਾਵਾਂ, ਪਰਮਾਤਮ ਪੜ੍ਹਾਈ ਦੇ ਅਧਿਕਾਰੀ, ਪਰਮਾਤਮਾ ਸਤਿਗੁਰੂ ਦੇ ਵਰਦਾਨਾਂ ਦੇ ਅਧਿਕਾਰੀ, ਸਦਾ ਦ੍ਰਿੜ੍ਹਤਾ ਦਵਾਰਾ ਸਫਲਤਾ ਦੇ ਅਧਿਕਾਰੀ, ਸਦਾ ਅਖੰਡ ਯੋਗੀ, ਅਚਲ ਯੋਗੀ, ਸਦਾ ਵਿਸ਼ਵ ਪਰਿਵਰਤਨ ਦੀ ਜਿੰਮੇਵਾਰੀ ਦੇ ਤਾਜਧਾਰੀ, ਸਦਾ ਸਰਵ ਪ੍ਰਾਪਤੀਆਂ ਨੂੰ ਇਮਾਰਜ ਰੂਪ ਵਿੱਚ ਅਨੁਭਵ ਕਰਨ ਵਾਲੇ ਇਵੇਂ ਦੇ ਵਿਸ਼ੇਸ਼ ਆਤਮਾਵਾਂ ਨੂੰ ਬਾਪਦਾਦਾ ਦਾ ਯਾਦਪਿਆਰ ਅਤੇ ਨਮਸਤੇ।

ਹੁਣ ਮੁਕਤ ਵਰ੍ਹੇ ਵਿੱਚ ਨੰਬਰਵਨ ਮਧੂਬਨ ਨਿਵਾਸੀ। ਠੀਕ ਹਨ? ਹੋ ਸਕਦਾ ਹੈ ਜਾਂ ਮੁਸ਼ਕਿਲ ਹੈ? (ਹਾਂ ਜੀ) ਫਿਰ ਤਾਂ ਬਾਪਦਾਦਾ ਮਧੂਬਨ ਵਾਲਿਆਂ ਨੂੰ ਵੀ ਗੋਲਡਨ ਬੈਜ ਦੇਣ ਗੇ। ਮਧੂਬਨ ਵਾਲਿਆਂ ਨੂੰ ਬੈਜ ਦੇਣਾ ਹੈ ਅਤੇ ਸਭ ਨੂੰ ਦਿੱਤਾ ਹੈ ਮਧੂਬਨ ਵਾਲਿਆਂ ਨੂੰ ਮੁਕਤ ਵਰ੍ਹੇ ਦੀ ਪ੍ਰਾਈਜ਼ ਦੇਣਗੇ। ਚੰਗਾ ਬੈਜ ਦੇਣਗੇ ਤੁਹਾਨੂੰ। ਚੰਗਾ।

ਵਰਦਾਨ:- ਬ੍ਰਾਹਮਣ ਜੀਵਨ ਵਿੱਚ ਇੱਕ ਬਾਪ ਨੂੰ ਆਪਣਾ ਸੰਸਾਰ ਬਣਾਉਣ ਵਾਲੇ ਖੁਦ ਅਤੇ ਸਹਿਜਯੋਗੀ ਭਵ

ਬ੍ਰਾਹਮਣ ਜੀਵਨ ਵਿੱਚ ਸਭ ਬੱਚਿਆਂ ਦਾ ਵਾਇਦਾ ਹੈ -"ਇੱਕ ਬਾਪ ਦੂਸਰਾ ਨਾ ਕੋਈ"। ਜਦੋਂ ਸੰਸ਼ਾਰ ਹੀ ਬਾਪ ਹੈ, ਦੂਸਰਾ ਕੋਈ ਹੈ ਹੀ ਨਹੀਂ ਤਾਂ ਖੁਦ ਅਤੇ ਸਹਿਜਯੋਗੀ ਸਥਿਤੀ ਸਦਾ ਰਹੇਗੀ। ਜੇਕਰ ਦੂਸਰਾ ਕੋਈ ਹੈ ਤਾਂ ਮਿਹਨਤ ਕਰਨੀ ਪੈਂਦੀ ਹੈ। ਇੱਥੇ ਬੁੱਧੀ ਨਾ ਜਾਏ, ਉੱਥੇ ਜਾਏ। ਪਰ ਇੱਕ ਬਾਪ ਹੀ ਸਭ ਕੁਝ ਹੈ ਤਾਂ ਬੁੱਧੀ ਕਿੱਥੇ ਜਾ ਨਹੀਂ ਸਕਦੀ। ਇਵੇਂ ਸਹਿਜਯੋਗੀ, ਸਹਿਜ ਸਵਰਾਜ ਅਧਿਕਾਰੀ ਬਣ ਜਾਂਦੇ ਹਨ। ਉਹਨਾਂ ਦੇ ਚੇਹਰੇ ਤੇ ਰੂਹਾਨੀਅਤ ਦੀ ਚਮਕ ਇਕਰਸ, ਇੱਕ ਜਿਹੀ ਰਹਿੰਦੀ ਹੈ।

ਸਲੋਗਨ:- ਬਾਪ ਸਮਾਨ ਅਵਿੱਅਕਤ ਅਤੇ ਵਿਦੇਹੀ ਬਣਨਾ - ਇਹ ਹੀ ਅਵਿੱਅਕਤ ਪਾਲਣਾ ਦਾ ਪ੍ਰਤੱਖ ਸਬੂਤ ਹੈ।

******